ਅਤਿ ਜ਼ਰੂਰੀ

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਅੰਮ੍ਰਿਤਸਰ।

ਵੱਲ

ਪ੍ਰਿੰਸੀਪਲ,
ਸਰਕਾਰੀ ਸੀਨੀ.ਸੈਕੰ.ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ: ਜੀ-3/2016- 4068
ਮਿਤੀ :- 01-07-2016

ਵਿਸ਼ਾ ਆਸੀਰਵਾਦ ਪੋਰਟਲ ਤੇ ਐਸ.ਸੀ. ਵਜੀਫੇ ਸਬੰਧੀ।

ਹਵਾਲਾ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ, ਅਜੀਤਗੜ੍ਹ ਜੀ ਤੋਂ ਪ੍ਰਾਪਤ ਟੈਲੀਫੋਨ ਸ਼ੰਦੇਸ ਮਿਤੀ 01-07-2016 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2015-16 ਦੌਰਾਨ ਆਸੀਰਵਾਦ ਪੋਰਟਲ ਤੇ ਲਾਭਪਾਤਰੀ ਐਸ.ਸੀ. ਵਿਦਿਆਰਥੀ ਜਿਹਨਾਂ ਦਾ ਵਜੀਫਾ ਪੋਰਟਲ ਤੇ ਅਪਲਾਈ ਕੀਤਾ ਗਿਆ ਸੀ। ਜਿਸ ਵਿੱਚ ਐਸ.ਸੀ. ਵਿਦਿਆਰਥੀਆਂ ਦੀ ਵਜੀਫਾ ਰਾਸ਼ੀ ਵਿੱਚ ਬੋਰਡ ਦੀ ਪ੍ਰੀਖਿਆ ਫੀਸ ਨਾ ਪਾਉਣ ਸਬੰਧੀ ਪੱਤਰ ਜਾਰੀ ਕੀਤਾ ਗਿਆ ਸੀ ਪ੍ਰੰਤੂ ਕੁਝ ਸਕੂਲਾਂ ਵੱਲੋਂ ਵਿਦਿਆਰਥੀਆਂ ਦੇ ਵਜੀਫੇ ਆਨ ਲਾਈਨ ਕਰਦੇ ਸਮੇਂ ਪ੍ਰੀਖਿਆ ਫੀਸ ਨੂੰ ਵਜੀਫਾ ਰਾਸ਼ੀ ਵਿੱਚ ਪਾ ਦਿੱਤਾ ਗਿਆ ਸੀ।

ਇਸ ਸਬੰਧੀ ਜੇਕਰ ਕਿਸੇ ਸਕੂਲ ਵੱਲੋਂ ਵਿਦਿਆਰਥੀਆਂ ਦੀ ਵਜੀਫਾ ਰਾਸ਼ੀ ਵਿੱਚ ਪ੍ਰੀਖਿਆ ਫੀਸ ਦਰਜ ਕੀਤੀ ਗਈ ਹੈ ਤਾਂ ਸਕੂਲ ਮੁੱਖੀ ਅੱਜ ਹੀ ਇਸ ਦਫਤਰ ਦੇ ਡੀਲਿੰਗ ਹੈਡ ਨੂੰ ਇਸ ਸਬੰਧੀ ਲਿਖ ਕੇ ਦਿੱਤਾ ਜਾਵੇ। ਜੇਕਰ ਸਕੂਲ ਮੁੱਖੀ ਵੱਲੋਂ ਇਸ ਸਬੰਧੀ ਗੰਭੀਰਤਾ ਨਾਲ ਨਾ ਲੈਦੇ ਹੋਏ ਇਸ ਦਫਤਰ ਨੂੰ ਸੂਚਿਤ ਨਾ ਕੀਤਾ ਅਤੇ ਦਾਖਲਾ ਫੀਸ ਦੀ ਅਦਾਇਗੀ ਜੇਕਰ ਲਾਭਪਾਤਰੀ ਵਿਦਿਆਰਥੀ ਨੂੰ ਹੋ ਜਾਂਦੀ ਹੈ ਤਾਂ ਉਸ ਸਬੰਧੀ ਸਕੂਲ ਮੁੱਖੀ ਜਿੰਮੇਵਾਰ ਹੋਵੇਗਾ ਅਤੇ ਇਸ ਸਬੰਧੀ ਯੋਗ ਕਾਰਵਾਈ ਸਕੂਲ ਮੁੱਖੀ ਵਿਰੁੱਧ ਕੀਤੀ ਜਾਵੇਗੀ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ।
1/7/16 01/7/16

ਪਿੱਠ ਅੰਕਣ ਨੰ: ਉਕਤ

ਉਪਰੋਕਤ ਦਾ ਉਤਾਰਾ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ ਜੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ।

Scanned by CamScanner